
ਗੁਆਂਢ ਨੂੰ ਛੱਡਣ ਲਈ ਕਿਹਾ ਹੈ


ਆਈਡੀ ਦਿਖਾਉਣ ਲਈ ਕਿਹਾ ਗਿਆ ਹੈ


ਅੱਗੇ ਜਾਣ ਲਈ ਕਿਹਾ ਗਿਆ ਹੈ


ਸਟੋਰ ਤੋਂ ਬਾਹਰ ਨਿਕਲਣ ਲਈ ਕਿਹਾ ਗਿਆ ਹੈ


ਬੈਗ ਦੀ ਜਾਂਚ ਕਰਨ ਲਈ ਪ੍ਰੋਫਾਈਲ ਕੀਤਾ ਗਿਆ ਹੈ

# ਉਹ 5 ਚੀਜ਼ਾਂ ਜੋ NYC ਮਨੁੱਖੀ ਅਧਿਕਾਰਾਂ ਦੇ ਕਨੂੰਨ ਦੇ ਤਹਿਤ ਕਨੂੰਨ ਪ੍ਰਵਰਤਨ ਦੁਆਰਾ

## ਪੱਖਪਾਤ-ਆਧਾਰਿਤ ਪ੍ਰੋਫਾਈਲਿੰਗ ਬਾਰੇ ਤੁਹਾਨੂੰ ਪਤਾ ਹੋਣੀਆਂ ਚਾਹੀਦੀਆਂ ਹਨ

ਇਹ ਉਦੋਂ ਹੁੰਦਾ ਹੈ ਜਦੋਂ ਪੁਲਿਸ ਜਾਂ ਸ਼ਾਂਤੀ ਅਫਸਰ ਤੁਹਾਨੂੰ ਗਿਰਫਤਾਰ ਕਰਨ ਜਾਂ ਕਿਸੇ ਹੋਰ ਅਪਰਾਧਕ ਕਨੂੰਨ ਪ੍ਰਵਰਤਨ ਕਾਰਵਾਈ ਲਈ ਨਿਸ਼ਾਨਾ ਬਣਾਉਂਦੇ ਹਨ, ਇਸ ਲਈ ਨਹੀਂ ਕਿ ਕਿਸੇ ਗੈਰਕਨੂੰਨੀ ਗਤੀਵਿਧੀ ਨਾਲ ਸੰਬੰਧਿਤ ਤੁਹਾਡੇ ਨਾਲ ਜੁੜੀ ਕੋਈ ਵਿਸ਼ੇਸ਼ ਜਾਣਕਾਰੀ ਹੈ, ਬਲਕਿ ਕਨੂੰਨ ਤਹਿਤ ਤੁਹਾਡੇ ਸੁਰੱਖਿਅਤ ਦਰਜ਼ੇ ਕਾਰਨ - ਨਸਲ, ਰਾਸ਼ਟਰੀ ਮੂਲ, ਰੰਗ, ਧਰਮ, ਉਮਰ, ਜਾਂ ਵਿਦੇਸ਼ੀ ਜਾਂ ਨਾਗਰਿਕਤਾ ਦੀ ਸਥਿਤੀ, ਲਿੰਗ, ਲਿੰਗ ਭੇਦ, ਲਿੰਗਕ ਰੁਝਾਨ, ਅਪੰਗਤਾ ਜਾਂ ਘਰ ਦੀ ਸਥਿਤੀ ਦੇ ਆਧਾਰ ਤੇ। ਇਹ ਉਨ੍ਹਾਂ ਨੀਤੀਆਂ ਅਤੇ ਪ੍ਰਕਿਰਿਆਵਾਂ ਤੇ ਵੀ ਲਾਗੂ ਹੋ ਸਕਦਾ ਹੈ ਜੋ ਕਿਸੇ ਖਾਸ ਗਰੁੱਪ ਤੇ ਅਣਉਚਿਤ ਪ੍ਰਭਾਵ ਪਾਉਂਦੀਆਂ ਹਨ, ਭਾਵੇਂ ਉਹ ਉਸ ਗਰੁੱਪ ਨੂੰ ਸਪਸ਼ਟ ਢੰਗ ਨਾਲ ਨਿਸ਼ਾਨਾ ਨਹੀਂ ਬਣਾਉਂਦੀਆਂ।

ਮਨੁੱਖੀ ਅਧਿਕਾਰਾਂ ਤੇ **NYC** ਕਮਿਸ਼ਨ **(NYC Commission on Human Rights)**, ਸੰਸਥਾਵਾਂ ਅਤੇ ਜਨਤਾ ਦੇ ਮੈਂਬਰਾਂ ਦੁਆਰਾ ਕੀਤੇ ਦਾਅਵਿਆਂ ਦੀ ਜਾਂਚ ਕਰਕੇ, **NYC** ਨਿਵਾਸੀਆਂ ਨੂੰ ਰੋਕਥਾਮ ਬਾਰੇ ਸਿੱਖਿਅਤ ਕਰਨ ਲਈ ਭਾਈਚਾਰਕ ਸਾਂਝੀਦਾਰਾਂ ਨਾਲ ਕੰਮ ਕਰਕੇ, **NYC** ਮਨੁੱਖੀ ਅਧਿਕਾਰਾਂ ਦੇ ਕਨੂੰਨ **(NYC Human Rights Law)** ਸੰਬੰਧਿਤ ਮੁੱਦਿਆਂ ਤੇ **NYPD** ਨਾਲ ਕੰਮ ਕਰਕੇ, ਅਤੇ ਵਿਭਿੰਨਤਾ ਅਤੇ ਸੰਮਿਲਨ ਦੇ ਸਿਧਾਂਤਾਂ ਨੂੰ ਗ੍ਰਹਿਣ ਕਰਨ ਵਾਲੀਆਂ ਨੀਤੀਆਂ ਦੇ ਸਮਰਥਨ ਕਰਦੇ ਹੋਏ ਸਿਟੀ ਦੀਆਂ ਏਜੰਸੀਆਂ ਨੂੰ ਕਾਨੂੰਨ ਬਾਰੇ ਜਾਣਕਾਰੀ ਦੇ ਕੇ, ਪੱਖਪਾਤ ਆਧਾਰਿਤ ਪ੍ਰੋਫਾਈਲਿੰਗ ਨੂੰ ਰੋਕਣ ਅਤੇ ਇਸ ਵੱਲ ਧਿਆਨ ਦੇਣ ਲਈ ਵਚਨਬੱਧ ਹੈ।

1. ਸਾਰੇ ਨਿਊ ਯਾਰਕ ਵਾਸੀ ਆਪਣੇ ਅਸਲੀ ਜਾਂ ਕਥਿਤ ਨਸਲ, ਰਾਸ਼ਟਰੀ ਮੂਲ, ਰੰਗ, ਧਰਮ, ਉਮਰ, ਜਾਂ ਵਿਦੇਸ਼ੀ ਜਾਂ ਨਾਗਰਿਕਤਾ ਦੀ ਸਥਿਤੀ, ਲਿੰਗ, ਲਿੰਗ ਭੇਦ, ਲਿੰਗਕ ਰੁਝਾਨ, ਅਪੰਗਤਾ ਜਾਂ ਘਰ ਦੀ ਸਥਿਤੀ ਦੇ ਆਧਾਰ ਤੇ ਕਨੂੰਨ ਪ੍ਰਵਰਤਨ ਦੁਆਰਾ ਪੱਖਪਾਤ-ਆਧਾਰਿਤ ਪ੍ਰੋਫਾਈਲਿੰਗ ਵਿਰੁੱਧ ਸੁਰੱਖਿਅਤ ਹਨ। ਘਰ ਦੀ ਸਥਿਤੀ ਉਸ ਜਗ੍ਹਾ ਦੀ ਕਿਸਮ ਨਾਲ ਸੰਬੰਧਿਤ ਹੈ ਜਿੱਥੇ ਤੁਸੀਂ ਰਹਿੰਦੇ ਹੋ – ਜਿਵੇਂ ਕਿ ਨਿੱਜੀ ਇਮਾਰਤ, ਜਨਤਕ ਇਮਾਰਤ, ਜਾਂ ਸ਼ਰਨ ਦੇਣ ਦਾ ਸਿਸਟਮ- ਜਾਂ ਬੇਘਰ ਹੋਣਾ।

2. ਮਨੁੱਖੀ ਅਧਿਕਾਰਾਂ ਤੇ NYC ਕਮਿਸ਼ਨ ਨਿਊ ਯਾਰਕ ਨਿਵਾਸੀਆਂ ਨੂੰ ਪੱਖਪਾਤੀ ਕਾਰਵਾਈਆਂ ਦੀ ਰਿਪੋਰਟ ਕਰਨ ਲਈ ਉਤਸਾਹਿਤ ਕਰਦਾ ਹੈ, ਭਾਵੇਂ ਉਹ ਗੁਮਨਾਮ ਰਹਿਣਾ ਚਾਹੁੰਦੇ ਹੋਣ। ਕਮਿਸ਼ਨ ਆਪਣੀ ਜਾਂਚ ਸ਼ੁਰੂ ਕਰ ਸਕਦਾ ਹੈ ਭਾਵੇਂ ਕੋਈ ਬਿਨਾਂ ਨਾਮ ਤੋਂ ਵੀ ਸ਼ਿਕਾਇਤ ਹੈ।

3. ਕਨੂੰਨ ਪ੍ਰਬੰਧ ਕਰਦਾ ਹੈ ਕਿ ਜੇ ਪਤਾ ਲਗਦਾ ਹੈ, ਤਾਂ ਕਮਿਸ਼ਨ ਪੁਲਿਸ ਅਫਸਰਾਂ ਨੂੰ ਆਦੇਸ਼ ਦੇ ਸਕਦਾ ਹੈ ਕਿ ਉਹ ਤੁਹਾਨੂੰ ਨਿਸ਼ਾਨਾ ਨਾ ਬਣਾਉਣ ਅਤੇ ਉਨ੍ਹਾਂ ਤੋਂ NYC ਮਨੁੱਖੀ ਅਧਿਕਾਰਾਂ ਦੇ ਕਨੂੰਨ ਤਹਿਤ ਇਸ ਖੇਤਰ ਬਾਰੇ ਸਿੱਖਲਾਈ ਲੈਣ ਦੀ ਮੰਗ ਕਰ ਸਕਦਾਦੀ ਹੈ। ਇਹ ਯਕੀਨੀ ਬਣਾਉਣ ਲਈ ਉਸ ਏਜੰਸੀ ਨੂੰ ਵਾਧੂ ਕਦਮ ਚੁੱਕਣ 'ਤੇ ਕੰਮ ਕਰਨ ਦੀ ਮੰਗ ਕਰ ਸਕਦਾ ਹੈ ਕਿ ਇਹ ਵਿਹਾਰ ਜਾਰੀ ਨਾ ਰਹੇ। ਇਸ ਤੋਂ ਇਲਾਵਾ, ਇਹ ਅਫਸਰ ਅਤੇ ਏਜੰਸੀ ਦੋਵਾਂ ਤੋਂ ਵਧੀਆ ਨੀਤੀਆਂ ਨੂੰ ਸਥਾਪਿਤ ਕਰਨ ਅਤੇ ਲਾਗੂ ਕਰਨ ਅਤੇ ਮਾੜੀਆਂ ਨੀਤੀਆਂ ਨੂੰ ਛੱਡਣ ਦੀ ਮੰਗ ਕਰ ਸਕਦਾ ਹੈ।

4. ਕਨੂੰਨ NYPD ਅਤੇ ਇਸ ਦੇ ਪੁਲਿਸ ਅਫਸਰਾਂ ਨੂੰ ਕਵਰ ਕਰਦਾ ਹੈ। ਇਹ ਸ਼ਹਿਰ ਦੁਆਰਾ ਭਰਤੀ ਕੀਤੇ ਸ਼ਾਂਤੀ ਅਫਸਰਾਂ ਨੂੰ ਵੀ ਕਵਰ ਕਰਦਾ ਹੈ, ਜਿਵੇਂ ਕਿ ਸ਼ੇਰਿਫਸ ਅਤੇ ਸ਼ਹਿਰੀ ਸਹੂਲਤਾਂ ਵਿਚਲੇ ਕੁਝ ਗਾਰਡ। ਇਹ NYPD ਦੁਆਰਾ ਨਿਯੁਕਤ ਕੀਤੇ "ਵਿਸ਼ੇਸ਼ ਪੈਟ੍ਰੋਲਮੈਂਨ" ਤੇ ਵੀ ਲਾਗੂ ਹੁੰਦਾ ਹੈ, ਜਿਵੇਂ ਕਿ ਸਕੂਲ ਸੁਰੱਖਿਆ ਅਫਸਰ।

5. ਪੁਲਿਸ ਦੁਆਰਾ ਬਦਸਲੂਕੀ ਦੀ ਰਿਪੋਰਟ ਨਾਗਰਿਕ ਸ਼ਿਕਾਇਤ ਸਮੀਖਿਆ ਬੋਰਡ (Civilian Complaint Review Board, CCRB) ਕੋਲ ਕੀਤੀ ਜਾਣੀ ਚਾਹੀਦੀ ਹੈ ਜੋ ਜ਼ਿਆਦਾ ਦਬਾਅ, ਅਧਿਕਾਰਾਂ ਦੀ ਦੁਰਵਰਤੋਂ, ਅਸ਼ਿਸ਼ਟਤਾ, ਅਤੇ ਅਪਮਾਨਜਨਕ ਭਾਸ਼ਾ ਦੀ ਵਰਤੋਂ ਨਾਲ ਸੰਬੰਧਿਤ ਮਾਮਲਿਆਂ ਦੀ ਜਾਂਚ ਕਰਦਾ ਹੈ।

**311** ਤੇ ਕਾਲ ਕਰੋ ਅਤੇ ਮਨੁੱਖੀ ਅਧਿਕਾਰਾਂ ਤੇ NYC ਕਮਿਸ਼ਨ ਨਾਲ ਗੱਲ ਕਰਨ ਲਈ ਕਹੋ ਜਾਂ ਕਮਿਸ਼ਨ ਨੂੰ **212-416-0197** ਤੇ ਸਿੱਧਾ ਕਾਲ ਕਰੋ ਜੇ ਤੁਹਾਨੂੰ ਲਗਦਾ ਹੈ ਕਿ ਤੁਹਾਨੂੰ ਪੱਖਪਾਤ-ਆਧਾਰਿਤ ਪ੍ਰੋਫਾਈਲਿੰਗ ਦਾ ਪਾਤਰ ਬਣਾਇਆ ਗਿਆ ਹੈ।

ਜ਼ਿਆਦਾ ਜਾਂ ਗੈਰਜ਼ਰੂਰੀ ਦਬਾਅ, ਅਧਿਕਾਰਾਂ ਦੀ ਦੁਰਵਰਤੋਂ, ਅਸ਼ਿਸ਼ਟਤਾ, ਜਾਂ NYPD ਦੇ ਅਫਸਰਾਂ ਦੁਆਰਾ ਅਪਮਾਨਜਨਕ ਭਾਸ਼ਾ ਦੀ ਵਰਤੋਂ ਸੰਬੰਧੀ ਸ਼ਿਕਾਇਤ ਦਰਜ ਕਰਨ ਲਈ, **NYC.gov/CCRB** ਤੇ ਜਾਓ ਜਾਂ **1-800-341-2272** ਤੇ ਕਾਲ ਕਰੋ।

**@NYCCHR**
**NYC.gov/HumanRights**

NYC ਮਨੁੱਖੀ ਅਧਿਕਾਰਾਂ ਤੇ ਕਮਿਸ਼ਨ